# COVID-19 (ਕੋਰੋਨਾਵਾਇਰਸ) ਹਫਤਾਵਾਰੀ ਦਾਅਵੇ ਬਾਬਤ ਸਵਾਲ

COVID-19 ਦੁਆਰਾ ਪ੍ਰਭਾਵਤ ਕਾਮਿਆਂ ਅਤੇ ਰੋਜ਼ਗਾਰਦਾਤਿਆਂ ਲਈ ਐਮਰਜੈਂਸੀ ਨਿਯਮ ਅਪਣਾਏ ਗਏ ਹਨ।

COVID -19 ਦੇ ਪੇਜ 'ਤੇ ਹੋਰ ਜਾਣੋ।

**ਮਹੱਤਵਪੂਰਨ ਜਾਣਕਾਰੀ *(5 ਅਗਸਤ, 2020 ਨੂੰ ਅਪਡੇਟ ਕੀਤਾ)***

- ਐਮਰਜੈਂਸੀ COVID-19 ਨਿਯਮਾਂ ਦੇ ਹਿੱਸੇ ਵਜੋਂ 8 ਮਾਰਚ, 2020 ਨੂੰ ਜਾਂ ਇਸ ਤੋਂ ਬਾਅਦ ਦਾਇਰ ਕੀਤੇ ਦਾਅਵਿਆਂ ਲਈ "waiting week" (ਇੰਤਜ਼ਾਰ ਹਫ਼ਤਾ) ਮੁਆਫ਼ ਕਰ ਦਿੱਤਾ ਗਿਆ ਹੈ।
- ਨੌਕਰੀ ਖੋਜ ਹੁਣ ਚੋਣਵੀ ਹੈ। ਕੋਈ ਖੋਜ ਗਤੀਵਿਧੀਆਂ ਬਾਰੇ ਰਿਪੋਰਟ ਨਾ ਕਰਨਾ ਤੁਹਾਡੇ ਲਾਭ ਵਿੱਚ ਦੇਰੀ ਨਹੀਂ ਕਰੇਗਾ।
- ਆਨਲਾਈਨ ਦਾਇਰ ਕਰਨਾ ਫ਼ੋਨ 'ਤੇ ਦਾਇਰ ਕਰਨ ਨਾਲੋਂ ਤੇਜ਼ ਹੋਵੇਗਾ। ਮੰਗ ਵਧਣ ਕਾਰਨ ਸਾਨੂੰ ਭਾਰੀ ਮਾਤਰਾ ਵਿੱਚ ਕਾਲਾਂ ਆ ਰਹੀਆਂ ਹਨ, ਅਤੇ ਬਹੁਤ ਸਾਰੇ ਗ੍ਰਾਹਕਾਂ ਦੀ ਗੱਲ ਨਹੀਂ ਹੋ ਪਾ ਰਹੀ ਹੈ।
- ਹੇਠਾਂ ਦਿੱਤੇ UI ਹਫਤਾਵਾਰੀ ਦਾਅਵੇ ਦੇ ਸਧਾਰਨ ਪ੍ਰਸ਼ਨਾਂ ਤੋਂ ਇਲਾਵਾ, ਮਹਾਂਮਾਰੀ ਬੇਰੁਜ਼ਗਾਰੀ ਸਹਾਇਤਾ (Pandemic Unemployment Assistance, PUA) ਦੇ ਦਾਅਵੇਦਾਰਾਂ ਨੂੰ ਲਾਭਾਂ ਲਈ ਯੋਗਤਾ ਪ੍ਰਮਾਣਿਤ ਕਰਨ ਲਈ ਵਾਧੂ ਪ੍ਰਸ਼ਨਾਂ ਦੇ ਜਵਾਬ ਦੇਣੇ ਹੋਣਗੇ। ਇਹ ਫੈਡਰਲ ਕਾਨੂੰਨ ਦੀ ਜ਼ਰੂਰਤ ਹੈ।

**PUA ਯੋਗਤਾ ਪ੍ਰਸ਼ਨਾਂ ਅਤੇ ਮਾਰਗਦਰਸ਼ਕ ਪੰਨੇ 'ਤੇ ਜਾਓ**

## ਪ੍ਰਸ਼ਨ ਜੋ ਅਸੀਂ ਤੁਹਾਡੇ ਹਫਤਾਵਾਰੀ ਦਾਅਵੇ 'ਤੇ ਪੁੱਛਦੇ ਹਾਂ

ਜਦੋਂ ਤੁਸੀਂ ਆਪਣਾ ਹਫਤਾਵਾਰੀ ਦਾਅਵਾ ਦਾਇਰ ਕਰਦੇ ਹੋ ਤਾਂ ਅਸੀਂ ਜੋ ਪ੍ਰਸ਼ਨ ਪੁੱਛਦੇ ਹਾਂ ਉਹੀ ਹੁੰਦੇ ਹਨ ਭਾਵੇਂ ਤੁਸੀਂ ਆਨਲਾਈਨ ਦਾਇਰ ਕਰੋ ਜਾਂ ਫ਼ੋਨ ਰਾਹੀਂ।

- ਕੀ ਤੁਸੀਂ ਸਰੀਰਕ ਤੌਰ 'ਤੇ ਕਾਬਲ ਸੀ ਅਤੇ ਹਰ ਦਿਨ ਕੰਮ ਲਈ ਉਪਲਬਧ ਸੀ?
  - ਜੇ ਤੁਸੀਂ ਕਾਰੋਬਾਰ ਬੰਦ ਹੋਣ ਕਾਰਨ COVID-19 ਦੇ ਨਤੀਜੇ ਵਜੋਂ ਬੇਰੁਜ਼ਗਾਰ ਹੋ ਜਾਂ ਤੁਹਾਨੂੰ COVID-19 ਦੇ ਹੋਣ ਦਾ ਉੱਚ ਜੋਖਮ ਹੈ ਅਤੇ ਤੁਹਾਨੂੰ ਸਵੈ-ਇਕਾਂਤਵਾਸ ਵਿੱਚ ਰਹਿਣ ਦੀ ਸਲਾਹ ਦਿੱਤੀ ਗਈ ਹੈ, ਤਾਂ ਤੁਹਾਨੂੰ ਅਜੇ ਵੀ ਇਸ ਪ੍ਰਸ਼ਨ ਦਾ ਜਵਾਬ "ਹਾਂ" ਦੇਣਾ ਚਾਹੀਦਾ ਹੈ।
- ਤੁਸੀਂ ਹੁਣ ਜਿਸ ਹਫ਼ਤੇ ਲਈ ਦਾਅਵਾ (ਕਲੇਮ) ਕਰ ਰਹੇ ਹੋ, ਕੀ ਤੁਸੀਂ ਉਸ ਹਫ਼ਤੇ ਦੇ ਦੌਰਾਨ, ਆਦੇਸ਼ ਦਿੱਤੇ ਗਏ ਅਨੁਸਾਰ, ਕੰਮ ਲਈ ਸਰਗਰਮ ਖੋਜ ਕੀਤੀ?
- ਜਦ ਤੱਕ ਤੁਹਾਡੀ ਸਟੈਂਡਬਾਏ ਲਈ ਬੇਨਤੀ ਨੂੰ ਪ੍ਰਵਾਨ ਨਹੀਂ ਕਰ ਲਿਆ ਜਾਂਦਾ, ਬੇਰੁਜ਼ਗਾਰੀ ਦੇ ਲਾਭ ਪ੍ਰਾਪਤ ਕਰਨ ਲਈ ਤੁਹਾਨੂੰ ਕੰਮ ਦੀ ਸਰਗਰਮੀ ਨਾਲ ਭਾਲ ਕਰਨ ਦੀ ਲੋੜ ਹੁੰਦੀ ਹੈ।
  - **COVID-19 ਦੇ ਫੈਲਣ ਦੌਰਾਨ ਤੁਹਾਡੀ ਨੌਕਰੀ ਦੀ ਖੋਜ ਦੀ ਜ਼ਰੂਰਤ ਨੂੰ ਭਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਕੁਝ ਸੁਝਾਅ ਇਹ ਹਨ:**
    - WorkSourceWA.com ਦੁਆਰਾ ਨੌਕਰੀਆਂ ਲਈ ਅਰਜ਼ੀ ਦਿਓ।
    - ਸਰਚ ਇੰਜਣਾਂ ਰਾਹੀਂ ਐਪਲੀਕੇਸ਼ਨ ਜਮ੍ਹਾਂ ਕਰੋ ਜਿਵੇਂ ਕਿ Indeed, Career Builder ਅਤੇ Monster ਕੁਝ ਦੇ ਨਾਮ ਹਨ।
    - ਉਹਨਾਂ ਰੋਜ਼ਗਾਰਦਾਤਿਆਂ ਨੂੰ ਕਾਲ ਕਰਨਾ ਜੋ ਕਿ ਤੁਹਾਨੂੰ ਪਤਾ ਹੈ ਕਿ ਸੰਭਾਵਤ ਨੌਕਰੀਆਂ ਲਈ ਭਰਤੀ ਕਰ ਰਹੇ ਹਨ।

  - WorkSource ਦੁਆਰਾ ਪ੍ਰਦਾਨ ਕੀਤੇ ਉਪਲਬਧ ਵਰਚੁਅਲ ਵਰਕਸ਼ਾਪਾਂ ਨੂੰ ਪੂਰਾ ਕਰਨਾ।
  - **ਨੋਟ:** ਜਿਹੜੀਆਂ ਨੌਕਰੀਆਂ ਲਈ ਤੁਸੀਂ ਅਰਜ਼ੀ ਦਿੰਦੇ ਹੋ ਉਹ ਲਾਜ਼ਮੀ ਤੌਰ 'ਤੇ ਉਹ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਤੁਹਾਡੇ ਕੋਲ ਪਹਿਲਾਂ ਤਜਰਬਾ, ਸਿਖਲਾਈ ਜਾਂ ਸਿੱਖਿਆ ਹੋਵੇ। ਇਸ ਨੂੰ ਢੁਕਵੇਂ ਕੰਮ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ।
  - ਹਫ਼ਤਾਵਾਰੀ ਬੇਰੁਜ਼ਗਾਰੀ ਯੋਗਤਾ ਨੂੰ ਨਿਰਧਾਰਤ ਕਰਨ ਵੇਲੇ ਅਸੀਂ ਨੌਕਰੀ ਦੀ ਖੋਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੀਤੇ ਗਏ ਕਿਸੇ ਵੀ ਯਤਨਾਂ ਨੂੰ ਧਿਆਨ ਵਿੱਚ ਰੱਖਾਂਗੇ।
- ਜੇ ਤੁਸੀਂ ਕੰਮ ਦੀ ਸਰਗਰਮ ਖੋਜ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ "ਹਾਂ" ਵਿੱਚ ਦਿੰਦੇ ਹੋ, ਅਤੇ ਤੁਹਾਨੂੰ ਆਪਣੀ ਨੌਕਰੀ ਦੀ ਖੋਜ ਦੀਆਂ ਜ਼ਰੂਰਤਾਂ ਤੋਂ ਬਾਹਰ ਨਹੀਂ ਕੀਤਾ ਗਿਆ ਹੈ ਤਾਂ ਤੁਹਾਨੂੰ ਇੱਕ ਹੋਰ ਸਵਾਲ ਪੁੱਛਿਆ ਜਾਵੇਗਾ। ਤੁਹਾਨੂੰ ਲਾਜ਼ਮੀ ਤੌਰ 'ਤੇ ਪ੍ਰਮਾਣਿਤ ਕਰਨਾ ਪਏਗਾ ਕਿ ਤੁਸੀਂ ਹਰ ਹਫਤੇ ਵਾਜਬ ਗਿਣਤੀ ਵਿੱਚ ਰੋਜ਼ਗਾਰਦਾਤਿਆਂ ਨਾਲ ਸੰਪਰਕ ਕੀਤੇ ਹਨ ਜਾਂ ਇਨ-ਪਰਸਨ ਗਤੀਵਿਧੀਆਂ (WorkSource 'ਤੇ ਜਾਂ ਕਿਸੇ ਹੋਰ ਰਾਜ ਦੇ ਕਿਸੇ American Job Center ਵਿਖੇ) ਕੀਤੀਆਂ ਹਨ, ਅਤੇ ਇਹ ਜਾਣਕਾਰੀ ਤੁਸੀਂ ਆਪਣੇ ਨੌਕਰੀ-ਖੋਜ ਰਿਕਾਰਡ ਵਿੱਚ ਰਿਕਾਰਡ ਕੀਤੀ ਹੈ।
- ਰਾਜ ਤੋਂ ਬਾਹਰ ਦੇ ਦਾਅਵੇਦਾਰ ਦਾਅਵਾ ਕੀਤੇ ਗਏ ਹਰ ਹਫ਼ਤੇ ਲਈ ਨੌਕਰੀ-ਖੋਜ ਵਾਲੇ ਸੰਪਰਕਾਂ ਨੂੰ ਰਿਕਾਰਡ ਕਰਨ ਲਈ ਵੀ ਤਿਆਰ ਹੋਣੇ ਚਾਹੀਦੇ ਹਨ।
- ਰੋਜ਼ਗਾਰਦਾਤਾ ਦੇ ਸੰਪਰਕਾਂ ਲਈ, ਤੁਹਾਨੂੰ ਹਰੇਕ ਸੰਪਰਕ ਲਈ ਆਪਣੇ ਨੌਕਰੀ-ਖੋਜ ਰਿਕਾਰਡ ਵਿਚਲੀਆਂ ਹੇਠ ਲਿਖੀਆਂ ਚੀਜ਼ਾਂ ਪ੍ਰਦਾਨ ਕਰਨੀਆਂ ਪੈਣਗੀਆਂ: ਤਾਰੀਖ; ਕਾਰੋਬਾਰ ਦਾ ਨਾਮ ਅਤੇ ਪੂਰਾ ਪਤਾ; ਕਾਰੋਬਾਰ ਦਾ ਫੋਨ ਨੰਬਰ ਜਾਂ ਈਮੇਲ; ਸੰਪਰਕ ਕਿਵੇਂ ਕੀਤਾ ਗਿਆ; ਜਿਸ ਵਿਅਕਤੀ ਨਾਲ ਤੁਸੀਂ ਸੰਪਰਕ ਕੀਤਾ; ਅਤੇ ਤੁਸੀਂ ਕਿਸ ਕਿਸਮ ਦੀ ਨੌਕਰੀ ਦੀ ਖੋਜ ਕਰ ਰਹੇ ਸੀ।
- ਇਨ-ਪਰਸਨ ਗਤੀਵਿਧੀਆਂ ਲਈ (WorkSource 'ਤੇ ਜਾਂ ਕਿਸੇ ਹੋਰ ਰਾਜ ਦੇ ਇੱਕ American Job Center ਵਿਖੇ), ਤੁਹਾਨੂੰ ਹਰ ਗਤੀਵਿਧੀ ਲਈ ਆਪਣੇ ਨੌਕਰੀ-ਖੋਜ ਰਿਕਾਰਡ ਵਿਚਲੀਆਂ ਹੇਠ ਲਿਖੀਆਂ ਚੀਜ਼ਾਂ ਪ੍ਰਦਾਨ ਕਰਨੀਆਂ ਪੈਣਗੀਆਂ: ਤਾਰੀਖ, ਦਫਤਰ ਅਤੇ ਗਤੀਵਿਧੀ ਦਾ ਵੇਰਵਾ।
- ਕੀ ਤੁਸੀਂ ਕਿਸੇ ਵੀ ਕੰਮ ਦੀ ਪੇਸ਼ਕਸ਼ ਤੋਂ ਜਾਂ ਕਿਸੇ ਨੌਕਰੀ ਲਈ ਨਿਰਧਾਰਤ ਕੀਤੇ ਇੰਟਰਵਿਊ ਤੋਂ ਇਨਕਾਰ ਕੀਤਾ ਸੀ?
- ਕੀ ਤੁਸੀਂ ਵਰਕਰਾਂ ਜਾਂ ਅਪਰਾਧ ਪੀੜਤ ਦੇ ਮੁਆਵਜ਼ੇ ਲਈ ਅਰਜ਼ੀ ਦਿੱਤੀ ਹੈ ਜਾਂ ਪ੍ਰਾਪਤ ਕੀਤਾ ਹੈ?*
- ਕੀ ਤੁਸੀਂ ਪੈਨਸ਼ਨ ਲਈ ਅਪਲਾਈ ਕੀਤਾ ਹੈ ਜਾਂ ਕੀ ਤੁਸੀਂ ਪੈਨਸ਼ਨ ਵਿਚ ਤਬਦੀਲੀ ਕੀਤੀ ਹੈ?*
- ਕੀ ਤੁਸੀਂ ਆਪਣੇ ਨਿਯਮਤ ਰੋਜ਼ਗਾਰਦਾਤਾ ਤੋਂ ਉਸ ਹਫ਼ਤੇ ਦੇ ਕਿਸੇ ਵੀ ਦਿਨ ਲਈ ਛੁੱਟੀ ਦਾ ਭੁਗਤਾਨ ਪ੍ਰਾਪਤ ਕੀਤਾ ਹੈ ਜਾਂ ਕਰੋਗੇ ਜਿਸ ਲਈ ਤੁਸੀਂ ਦਾਅਵਾ ਕਰ ਰਹੇ ਹੋ?*
- ਕੀ ਤੁਸੀਂ ਉਸ ਹਫ਼ਤੇ ਦੇ ਕਿਸੇ ਵੀ ਦਿਨ ਲਈ ਛੁੱਟੀ (ਵਕੇਸ਼ਨ) ਦਾ ਭੁਗਤਾਨ ਪ੍ਰਾਪਤ ਕੀਤਾ ਹੈ ਜਾਂ ਕਰੋਗੇ ਜਿਸ ਲਈ ਤੁਸੀਂ ਦਾਅਵਾ ਕਰ ਰਹੇ ਹੋ?*
- ਕੀ ਤੁਸੀਂ ਉਸ ਹਫ਼ਤੇ ਦੇ ਕਿਸੇ ਵੀ ਦਿਨ ਲਈ ਨੋਟਿਸ ਜਾਂ ਟਰਮੀਨੇਸ਼ਨ ਤਨਖਾਹ ਦੇ ਬਦਲੇ ਭੁਗਤਾਨ ਪ੍ਰਾਪਤ ਕੀਤਾ ਜਾਂ ਕਰੋਗੇ ਜਿਸਦਾ ਲਈ ਤੁਸੀਂ ਦਾਅਵਾ ਕਰ ਰਹੇ ਹੋ?*
- ਕੀ ਤੁਸੀਂ ਜਿਊਰੀ ਵਿੱਚ ਸੇਵਾ ਨਿਭਾਈ ਹੈ?*
- ਕੀ ਤੁਸੀਂ ਮਿਲਟਰੀ ਰਿਜ਼ਰਵ ਜਾਂ ਨੈਸ਼ਨਲ ਗਾਰਡ ਵਿੱਚ ਲਗਾਤਾਰ 72 ਘੰਟਿਆਂ ਤੋਂ ਵੱਧ ਸਮੇਂ ਲਈ ਡਿਊਟੀ ਨਿਭਾਈ ਹੈ?*
- ਕੀ ਤੁਸੀਂ ਸਵੈ-ਰੁਜ਼ਗਾਰ ਵਿੱਚ ਕੰਮ ਕੀਤਾ ਸੀ?*
- ਕੀ ਤੁਸੀਂ ਪਿਛਲੇ ਹਫਤੇ ਕਿਸੇ ਰੋਜ਼ਗਾਰਦਾਤਾ ਲਈ ਕੰਮ ਕੀਤਾ ਸੀ?*

ਉਸ ਹਫ਼ਤੇ ਦੀ* **ਕਮਾਈ ਦੀ ਰਿਪੋਰਟ ਕਰੋ ਜਿਸ ਵਿੱਚ ਤੁਸੀਂ ਉਸ ਨੂੰ ਕਮਾਇਆ ਸੀ, ਨਾ ਕਿ ਉਸ ਹਫ਼ਤੇ ਵਿੱਚ ਜਿਸ ਵਿੱਚ ਤੁਸੀਂ ਉਸ ਨੂੰ ਪ੍ਰਾਪਤ ਕੀਤਾ ਸੀ।** ਕਟੌਤੀ ਤੋਂ ਪਹਿਲਾਂ ਕੁੱਲ ਰਕਮ ਦੀ ਰਿਪੋਰਟ ਕਰੋ। ਸਵੈ-ਰੁਜ਼ਗਾਰ ਲਈ, ਆਪਣੀ ਸ਼ੁੱਧ ਕਮਾਈ ਦੀ ਰਿਪੋਰਟ ਕਰੋ। ਤੁਹਾਨੂੰ ਕੁੱਲ ਘੰਟਿਆਂ ਜਾਂ ਦਿਨਾਂ ਲਈ ਵੀ ਪੁੱਛਿਆ ਜਾਵੇਗਾ ਜਿਸ ਲਈ ਤੁਸੀਂ ਕਮਾਈ ਕੀਤੀ ਸੀ।

## ਕਮਾਈ ਕਟੌਤੀ ਚਾਰਟ

ਤੁਹਾਡੇ ਹਫਤਾਵਾਰੀ ਦਾਅਵੇ ਤੋਂ ਕਿੰਨੀ ਕਟੌਤੀ ਕੀਤੀ ਜਾਏਗੀ ਇਹ, ਨਿਸ਼ਚਿਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਤੁਸੀਂ ਮੌਜੂਦਾ ਕਮਾਈ ਕਟੌਤੀ (Earnings Deduction) ਚਾਰਟ ਨੂੰ ਡਾਊਨਲੋਡ ਕਰ ਸਕਦੇ ਹੋ।

## ਜੇ ਤੁਸੀਂ ਹਫ਼ਤੇ ਦੌਰਾਨ ਕੰਮ ਕੀਤਾ ਹੈ ਤਾਂ ਤੁਸੀਂ ਪ੍ਰਦਾਨ ਕਰਨ ਲਈ ਤਿਆਰ ਹੋ ਜਾਓ:

- ਉਸ ਹਫਤੇ ਤੁਹਾਡੇ ਦੁਆਰਾ ਕਮਾਈ ਗਈ ਰਕਮ, ਭਾਵੇਂ ਤੁਹਾਨੂੰ ਅਸਲ ਵਿੱਚ ਅਜੇ ਤੱਕ ਭੁਗਤਾਨ ਨਹੀਂ ਕੀਤਾ ਗਿਆ ਹੈ। (ਕਮਾਈਆਂ ਵਿੱਚ ਉਹ ਸਾਰਾ ਮੁਆਵਜ਼ਾ ਸ਼ਾਮਲ ਹੈ ਜੋ ਤੁਸੀਂ ਨਿੱਜੀ ਸੇਵਾਵਾਂ ਲਈ ਕਮਾਇਆ ਹੈ, ਜਿਸ ਵਿੱਚ ਸ਼ਾਮਲ ਹਨ ਤਨਖਾਹ, ਕਮਿਸ਼ਨ ਅਤੇ ਬੋਨਸ, ਨਕਦ ਤੋਂ ਇਲਾਵਾ ਕਿਸੇ ਵੀ ਹੋਰ ਮੁਆਵਜ਼ੇ ਦੀ ਅਦਾਇਗੀ ਦਾ ਨਕਦ ਮੁੱਲ, ਅਤੇ ਟਿਪ ਦਾ ਉਚਿਤ ਮੁੱਲ।)
- ਤੁਸੀਂ ਹਫ਼ਤੇ ਵਿੱਚ ਕਿੰਨੇ ਘੰਟੇ ਕੰਮ ਕੀਤਾ।
- ਤੁਹਾਡੇ ਰੋਜ਼ਗਾਰਦਾਤਾ ਦੇ ਕਾਰੋਬਾਰ ਦਾ ਨਾਮ।
- ਤੁਹਾਡੇ ਰੋਜ਼ਗਾਰਦਾਤਾ ਦਾ ਪੂਰਾ ਕਾਰੋਬਾਰ ਪਤਾ।
- ਤੁਹਾਡੀ ਇਸ ਹਫਤੇ ਕੰਮ ਸ਼ੁਰੂ ਕਰਨ ਦੀ ਮਿਤੀ।

## ਆਪਣੀ ਕਮਾਈ ਦਰਜ ਕਰਨ ਤੋਂ ਬਾਅਦ

ਤੁਹਾਨੂੰ ਪੁੱਛਿਆ ਜਾਵੇਗਾ, "ਕੀ ਤੁਸੀਂ ਅਗਲੇ ਹਫਤੇ ਉਸੇ ਰੋਜ਼ਗਾਰਦਾਤਾ ਲਈ ਕੰਮ ਕਰਨ ਦੀ ਉਮੀਦ ਰੱਖਦੇ ਹੋ?" ਜੇ ਤੁਸੀਂ ਜਵਾਬ ਨਹੀਂ ਦਿੰਦੇ ਹੋ, ਤਾਂ ਤੁਹਾਨੂੰ ਇਸ ਦਾ ਕਾਰਨ ਦੱਸਣਾ ਪਵੇਗਾ:

1. ਕੰਮ ਦੀ ਕਮੀ
   - ਉਦਾਹਰਨ ਲਈ, COVID-19 ਦੇ ਫੈਲਣ ਦੌਰਾਨ ਰੋਜ਼ਗਾਰਦਾਤਾ ਨੇ ਕਾਰੋਬਾਰ ਦੇ ਘਾਟੇ ਜਾਂ ਜਨਤਕ ਸਿਹਤ ਦੇ ਨਿਰਦੇਸ਼ਾਂ ਦੇ ਕਾਰਨ ਸਟਾਫ ਨੂੰ ਬੰਦ ਕਰ ਦਿੱਤਾ ਜਾਂ ਘਟਾ ਦਿੱਤਾ ਹੈ।
2. ਕੰਮ ਦੀ ਕਮੀ ਦੇ ਕਾਰਨ ਘੰਟੇ ਘਟ ਗਏ ਹਨ
3. ਬਰਖਾਸਤ ਕੀਤਾ ਜਾ ਰਿਹਾ ਹੈ
4. ਤੁਸੀਂ ਛੱਡ ਦਿੱਤਾ
5. ਕੁਝ ਹੋਰ ਕਾਰਨ

## ਕੀ ਤੁਹਾਡੇ ਕੋਲ ਰਿਪੋਰਟ ਕਰਨ ਯੋਗਕੋਈ ਹੋਰ ਕਮਾਈ ਹੈ?

ਜੇ ਤੁਹਾਨੂੰ ਪੱਕਾ ਨਹੀਂ ਪਤਾ ਹੈ ਕਿ ਤੁਹਾਡੀ ਕਮਾਈ ਰਿਪੋਰਟ ਕਰਨ ਯੋਗ ਹੈ, ਤਾਂ ਬੇਰੁਜ਼ਗਾਰ ਕਾਮਿਆਂ ਲਈ ਹੈਂਡਬੁੱਕ (Handbook for Unemployed Workers) (PDF, 2.9MB) ਵਿਚਲੇ ਸਫ਼ਿਆਂ 27-28 ਤੋਂ ਹੇਠਾਂ ਦਿੱਤੀ ਸੂਚੀ ਵੇਖੋ।
ਜਦੋਂ ਤੁਸੀਂ ਆਪਣੇ ਜਵਾਬਾਂ ਨੂੰ ਪੂਰਾ ਕਰਦੇ ਹੋ, ਸਿਸਟਮ ਇਹ ਸੰਦੇਸ਼ ਬੋਲੇਗਾ ਜਾਂ ਡਿਸਪਲੇ ਕਰੇਗਾ, "**ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਗਿਆ ਹੈ (Your claim has been accepted)**।"

**ਰਿਪੋਰਟ ਕਰਨ ਯੋਗ ਕਮਾਈ ਵਿੱਚ ਸ਼ਾਮਲ ਹੈ:**

1. ਤੁਹਾਡੇ ਆਪਣੇ ਕਾਰੋਬਾਰ ਤੋਂ ਸ਼ੁੱਧ ਆਮਦਨੀ।
2. ਇਨ-ਕਾਈਂਡ ਭੁਗਤਾਨ ਜੋ ਪੈਸੇ ਲਈ ਵਿਕਲਪ ਹਨ, ਜਿਵੇਂ ਕਿ ਕਿਰਾਇਆ ਜਾਂ ਕਮਰੇ ਅਤੇ ਬੋਰਡ।
3. ਉਸ ਹਫ਼ਤੇ ਵਿੱਚ ਕੀਤੇ ਕੰਮ ਦੇ ਕਾਰਨ ਮਿਲਿਆ ਬੋਨਸ।
4. ਕਿਸੇ ਵੀ ਰੂਪ ਵਿਚ ਮਿਲੀਆਂ ਟਿਪਾਂ।
5. ਭੁਗਤਾਨਸ਼ੁਦਾ ਛੁੱਟੀ, ਛੁੱਟੀਆਂ ਅਤੇ ਬਿਮਾਰੀ ਲਈ ਛੁੱਟੀ।

6. ਮਿਲਟਰੀ ਰਿਜ਼ਰਵ ਅਤੇ ਨੈਸ਼ਨਲ ਗਾਰਡ ਵੱਲੋਂ ਭੁਗਤਾਨ ਜੇ ਤੁਸੀਂ ਲਗਾਤਾਰ ਤਿੰਨ ਦਿਨਾਂ ਤੋਂ ਵੱਧ ਕੰਮ ਕੀਤਾ ਹੈ।
7. ਜਿਊਰੀ ਡਿਊਟੀ ਸੇਵਾ ਲਈ ਭੁਗਤਾਨ।
8. ਰਾਜ ਕਾਰਜ ਅਧਿਐਨ (ਟਾਈਟਲ IV ਫੰਡਾਂ ਨੂੰ ਸ਼ਾਮਲ ਨਹੀਂ ਕਰਦਾ) ਤੋਂ ਕਮਾਈ।
9. ਕਿਸੇ ਰੋਜ਼ਗਾਰਦਾਤਾ ਤੋਂ ਭੁਗਤਾਨ, ਜਿਵੇਂ ਕਿ ਤੁਹਾਡੇ ਦੁਆਰਾ ਦਾਅਵਾ ਕੀਤੇ ਗਏ ਹਫ਼ਤਿਆਂ ਲਈ ਵਾਪਸੀ ਭੁਗਤਾਨ (ਸਮੇਂ ਦੇ ਨੁਕਸਾਨ ਜਾਂ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਤੋਂ ਵਾਪਸੀ ਭੁਗਤਾਨ ਸਮੇਤ)।

### ਜੇ ਤੁਸੀਂ ਆਪਣੇ ਹਫਤਾਵਾਰੀ ਦਾਅਵੇ ਵਿੱਚ ਗਲਤੀ ਕਰਦੇ ਹੋ

ਜੇ ਤੁਸੀਂ ਆਪਣੇ ਹਫਤਾਵਾਰੀ ਦਾਅਵੇ ਨੂੰ ਦਾਇਰ ਕਰਨ ਵੇਲੇ ਕੋਈ ਗਲਤੀ ਕਰਦੇ ਹੋ, ਤਾਂ ਤੁਸੀਂ "**ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਗਿਆ ਹੈ**" ਸੁਣਨ ਜਾਂ ਵੇਖਣ ਤੋਂ ਪਹਿਲਾਂ ਕਿਸੇ ਵੀ ਸਮੇਂ ਸਿਰੇ ਤੋਂ ਸ਼ੁਰੂ ਕਰ ਸਕਦੇ ਹੋ। ਬਹੁਤੇ ਮਾਮਲਿਆਂ ਵਿੱਚ, ਤੁਹਾਨੂੰ ਆਪਣਾ ਦਾਅਵਾ ਦਰਜ ਕਰਦੇ ਸਮੇਂ ਗਲਤੀਆਂ ਨੂੰ ਸੁਧਾਰਨ ਦਾ ਮੌਕਾ ਮਿਲੇਗਾ।
ਜੇ ਤੁਸੀਂ ਆਪਣੇ ਹਫਤਾਵਾਰੀ ਦਾਅਵੇ ਨੂੰ ਜਮ੍ਹਾ ਕਰਵਾਉਣ ਤੋਂ ***ਬਾਅਦ***ਆਪਣੀ ਗਲਤੀ ਵੇਖਦੇ ਹੋ, ਤਾਂ ਤੁਹਾਨੂੰ ਕਲੇਮ ਏਜੰਟ ਨਾਲ ਕਾਲ ਕਰਕੇ ਗੱਲ ਕਰਨ ਦੀ ਜ਼ਰੂਰਤ ਪਵੇਗੀ। ਗਲਤੀ ਨੂੰ ਠੀਕ ਕਰਨ ਲਈ 800-318-6022 'ਤੇ ਕਾਲ ਕਰੋ। ਮੌਜੂਦਾ ਕਲੇਮ ਸੈਂਟਰ ਦੀ ਸੰਪਰਕ ਜਾਣਕਾਰੀ ਅਤੇ ਸਮੇਂ ਲਈ: https://esd.wa.gov/unemployment/unemployed-workers-contact 'ਤੇ ਜਾਓ
**ਆਪਣੀ ਗਲਤੀ ਨੂੰ ਸੁਧਾਰਨ ਲਈ ਕਲੇਮ ਸੈਂਟਰ ਨੂੰ ਕਾਲ ਨਾ ਕਰਨ ਦੇ ਨਤੀਜੇ ਵਜੋਂ ਤੁਹਾਨੂੰ ਵਧੇਰਾ ਭੁਗਤਾਨ ਕਰਨਾ ਪੈ ਸਕਦਾ ਹੈ ਅਤੇ ਤੁਹਾਨੂੰ ਲਾਭ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।**

# ਪ੍ਰਸ਼ਨ ਜੋ ਅਸੀਂ ਤੁਹਾਡੇ PUA ਹਫਤਾਵਾਰੀ ਦਾਅਵੇ ਵਿੱਚ ਪੁੱਛਦੇ ਹਾਂ

ਇਹ ਪ੍ਰਸ਼ਨ COVID-19 ਕਾਰਨ ਹਨ ਜੋ ਕਿਸੇ ਨੂੰ PUA ਲਈ ਯੋਗ ਬਣਾਉਂਦੇ ਹਨ। ਪ੍ਰਸ਼ਨਾਂ ਦਾ ਇਮਾਨਦਾਰੀ ਨਾਲ ਜਵਾਬ ਦਿਓ। ਇਹ ਕੋਰੋਨਾਵਾਇਰਸ ਸਹਾਇਤਾ, ਰਾਹਤ, ਅਤੇ ਆਰਥਿਕ ਸੁਰੱਖਿਆ (Coronavirus Aid, Relief, and Economic Security, CARES) ਐਕਟ ਦੁਆਰਾ ਲੋੜੀਂਦੇ ਹਨ ਅਤੇ ਦਾਅਵਿਆਂ ਨੂੰ U.S ਡਿਪਾਰਟਮੈਂਟ ਆਫ ਲੇਬਰ (U.S. Department of Labor) ਦੁਆਰਾ ਆਡਿਟ ਕੀਤਾ ਜਾ ਸਕਦਾ ਹੈ। ਜੇ ਤੁਸੀਂ ਹੁਣ PUA ਲਈ ਯੋਗਤਾ ਪੂਰੀ ਨਹੀਂ ਕਰਦੇ, ਤਾਂ ਤੁਸੀਂ ਨਿਯਮਤ ਬੇਰੁਜ਼ਗਾਰੀ ਲਾਭਾਂ ਲਈ ਦੁਬਾਰਾ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ।
ਇਹ ਪ੍ਰਸ਼ਨ ਸਿਰਫ ਉਸ ਹਫਤੇ ਨਾਲ ਸੰਬੰਧਿਤ ਹਨ ਜਿਸ ਲਈ ਤੁਸੀਂ ਦਾਅਵਾ ਕਰ ਰਹੇ ਹੋ। ਇਹ UI ਹਫਤਾਵਾਰੀ ਦਾਅਵੇ ਦੇ ਪ੍ਰਸ਼ਨਾਂ ਤੋਂ ਇਲਾਵਾ ਹਨ। ਇਹ ਹਾਂ ਜਾਂ ਨਾਂ ਦੇ ਪ੍ਰਸ਼ਨ ਹਨ। ਸਾਡੀ COVID-19 ਬੇਰੁਜ਼ਗਾਰੀ ਗਾਈਡ ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਦੇਣ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਪੰਨਾ 28 ਤੋਂ ਸ਼ੁਰੂ ਹੈ।
ਜੇ ਤੁਸੀਂ eServices ਦੀ ਵਰਤੋਂ ਕਰਕੇ ਆਪਣੇ PUA ਹਫਤਾਵਾਰੀ ਦਾਅਵੇ ਨੂੰ ਇਲੈਕਟ੍ਰਾਨਿਕ ਰੂਪ ਵਿੱਚ ਜਮ੍ਹਾਂ ਕਰਦੇ ਹੋ, ਤਾਂ ਤੁਸੀਂ ਇਨ੍ਹਾਂ ਯੋਗਤਾ ਪ੍ਰਸ਼ਨਾਂ ਦਾ ਆਨਲਾਈਨ ਜਵਾਬ ਦੇ ਸਕਦੇ ਹੋ। ਜੇ ਤੁਸੀਂ ਸਾਡੇ ਸਵੈਚਾਲਤ ਫ਼ੋਨ ਸਿਸਟਮ ਦੀ ਵਰਤੋਂ ਕਰਕੇ ਆਪਣਾ ਦਾਅਵਾ ਜਮ੍ਹਾ ਕਰਦੇ ਹੋ, ਤਾਂ ਅਸੀਂ ਤੁਹਾਨੂੰ ਇੱਕ ਪ੍ਰਸ਼ਨਾਵਲੀ ਭੇਜਾਂਗੇ ਜੋ ਤੁਹਾਨੂੰ ਭਰ ਕੇ ਤੁਰੰਤ ਵਾਪਸ ਭੇਜਣਾ ਚਾਹੀਦਾ ਹੈ। ਅਸੀਂ ਤੁਹਾਨੂੰ PUA ਲਈ ਯੋਗ ਮੰਨੀਏ, ਇਸ ਦੇ ਲਈ ਜ਼ਰੂਰੀ ਹੈ ਕਿ ਸਾਨੂੰ ਤੁਹਾਡੇ ਜਵਾਬ ਪ੍ਰਾਪਤ ਹੋਣ ਅਤੇ ਅਸੀਂ ਤੁਹਾਡੇ ਜਵਾਬਾਂ 'ਤੇ ਪ੍ਰਕਿਰਿਆ ਕਰੀਏ। ਜਦੋਂ ਅਸੀਂ ਤੁਹਾਡੇ ਜਵਾਬ ਦੀ ਉਡੀਕ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਤੁਹਾਡੇ ਲਾਭਾਂ ਦਾ ਸ਼ਰਤਾਂ ਅਧੀਨ ਭੁਗਤਾਨ ਕਰ ਸਕਦੇ ਹਾਂ, ਪਰ ਜੇ ਸਾਨੂੰ ਪ੍ਰਸ਼ਨਾਵਲੀ ਦੇ ਤੁਹਾਡੇ ਜਵਾਬ ਪ੍ਰਾਪਤ ਨਹੀਂ ਹੁੰਦੇ, ਤਾਂ ਤੁਹਾਨੂੰ ਭੁਗਤਾਨ ਸਾਨੂੰ ਵਾਪਸ ਕਰਨਾ ਪਏਗਾ। **ਜੇ ਤੁਸੀਂ ਆਪਣਾ ਹਫਤਾਵਾਰੀ ਦਾਅਵਾ ਫ਼ੋਨ ਰਾਹੀਂ ਜਮ੍ਹਾਂ ਕਰਦੇ ਹੋ ਤਾਂ ਪ੍ਰਸ਼ਨ ਥੋੜੇ ਵੱਖਰੇ ਹੋ ਸਕਦੇ ਹਨ। ਅਸੀਂ ਪੁਰਜ਼ੋਰ ਸਿਫਾਰਸ਼ ਕਰਦੇ ਹਾਂ ਕਿ ਜੇ ਸੰਭਵ ਹੋਵੇ ਤਾਂ ਆਪਣਾ PUA ਹਫਤਾਵਾਰੀ ਦਾਅਵਾ eServices ਵਿੱਚ ਦਾਇਰ ਕਰੋ।**

## PUA ਯੋਗਤਾ ਪ੍ਰਸ਼ਨ ਅਤੇ ਮਾਰਗਦਰਸ਼ਨ

ਰੁਜ਼ਗਾਰ ਸੁਰੱਖਿਆ ਵਿਭਾਗ ਇਕ ਬਰਾਬਰ ਅਵਸਰ ਰੋਜ਼ਗਾਰਦਾਤਾ / ਪ੍ਰੋਗਰਾਮ ਹੈ। ਅਪਾਹਿਜ ਵਿਅਕਤੀਆਂ ਲਈ ਬੇਨਤੀ ਕਰਨ 'ਤੇ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੀਮਿਤ
ਅੰਗਰੇਜ਼ੀ ਜਾਣਨ ਵਿਅਕਤੀਆਂ ਲਈ ਭਾਸ਼ਾ ਸਹਾਇਤਾ ਸੇਵਾਵਾਂ ਮੁਫਤ ਉਪਲਬਧ ਹਨ। ਵਾਸ਼ਿੰਗਟਨ ਰੀਲੇਅ ਸਰਵਿਸ: 711